# ਸਿਨਮਾ

ਸਿਨਮਾ ਹਰ ਪ੍ਰਕਾਰ ਦੇ ਗਿਆਨ-ਵਿਗਿਆਨ ਦਾ ਸਾਧਨ ਅਤੇ ਹਰ ਅਮੀਰ ਗਰੀਬ ਲਈ ਇੱਕ ਸ਼ਾਨਦਾਰ ਮੰਨੋਰੰਜਨ ਪੇਸ਼ ਕਰਦਾ ਹੈ। ਇਹ ਗਿਆਨ-ਵਿਗਿਆਨ ਦਾ ਦੇਖਣ ਸੁਣਨ ਦਾ ਮਹੱਤਵਪੂਰਨ ਸਾਧਨ ਹੈ।

ਸਿਨਮਾ ਮਨੁੱਖ ਦੇ ਸਹਜ ਸੁਆਦ ਦੀ ਤ੍ਰਿਪਤੀ ਕਰਨ ਦੇ ਨਾਲ਼ ਨਾਲ ਉਸ ਦੀ ਅੰਦਰਲੀ ਰਚਨਾਤਮਿਕ ਕਿਰਿਆ ਨੂੰ ਵੀ ਜਾਗ੍ਰਿਤ ਕਰਦਾ ਹੈ। ਇਹ ਜਨਤਕ ਸੁਧਾਰਾਂ, ਵਹਿਮਾਂ ਭਰਮਾਂ, ਗਲਤ ਧਾਰਨਾਵਾਂ ਨੂੰ ਜਨਤਾ ਵਿੱਚੋਂ ਹਟਾ ਕੇ ਮਨੁੱਖੀ ਉੱਨਤੀ ਦਾ ਵੱਡਾ ਸਾਧਨ ਬਣ ਸਕਦਾ ਹੈ।

ਵਿਦਿਆ ਦੇ ਪਸਾਰ ਅਤੇ ਸਮਾਜ ਦੇ ਸੁਧਾਰ ਲਈ ਚੰਗੇ ਚੰਗੇ ਵਿਦਵਾਨਾਂ ਅਤੇ ਕਲਾਕਾਰਾਂ ਦੇ ਸਹਿਯੋਗ ਨਾਲ ਫ਼ਿਲਮਾਂ ਤਿਆਰ ਕੀਤੀਆਂ ਜਾਣ। ਇਹ ਫ਼ਿਲਮਾਂ ਸਮਾਜ ਨੂੰ ਲੋੜੀਂਦੀ ਅਗਵਾਈ ਦੇ ਸਕਣ। ਮਨੁੱਖੀ ਹਮਦਰਦੀ, ਧਰਮ, ਮਾਨਵੀ ਗੁਣਾਂ, ਸਾਰਥਿਕਤਾ ਅਤੇ ਸਮਾਜਿਕ ਕੁਰੀਤੀਆਂ ਤੇ ਅਨੇਕਾਂ ਫ਼ਿਲਮਾਂ ਬਣ ਸਕਦੀਆਂ ਹਨ।

ਵਿਦਿਆਰਥੀਆਂ ਨੂੰ ਤਕਨੀਕੀ ਵਿਸ਼ਿਆਂ ਦੀ ਜਾਣਕਾਰੀ ਦੇਣ, ਸੱਭਿਆਚਾਰਕ ਵਿਰਸੇ ਦੀ ਪਹਿਚਾਣ ਕਰਵਾਉਣ, ਵਧਦੀ ਅਬਾਦੀ ਦੀਆਂ ਹਾਨੀਆਂ, ਬਿਮਾਰੀਆਂ ਫੈਲਣ ਦੇ ਕਾਰਨਾਂ ਦੀ ਸੂਝ, ਦੇਸ਼ ਦੇ ਕਨੂੰਨ, ਤਰੱਕੀ ਦੀਆਂ ਯੋਜਨਾਵਾਂ ਤੇ ਉੱਨਤੀ ਕਾਰਜਾਂ ਦਾ ਗਿਆਨ ਆਦਿ ਅਨੇਕਾਂ ਵਿਸ਼ਿਆਂ ਤੇ ਫਿਲਮਾਂ ਬਣਾ ਕੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਦੇਸ਼ ਭਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿਨਮਾ ਘਰ ਹਨ। ਇਹ ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਸਰਕਾਰ ਨੂੰ ਮੰਨੋਰੰਜਨ ਟੈਕਸ ਦੇ ਰੂਪ ਵਿੱਚ ਕਰੋੜਾਂ ਰੁਪਏ ਆਮਦਨ ਹੋ ਰਹੀ ਹੈ। ਫਿਲਮ ਬਣਾਉਣ ਤੋਂ ਲੈ ਕੇ ਸਿਨਮੇ ਤੱਕ ਆਉਣ ਤੱਕ ਅਨੇਕਾਂ ਲੋਕਾਂ ਨੂੰ ਕੰਮ ਮਿਲਦਾ ਹੈ।

ਵੱਖ ਵੱਖ ਕੰਪਨੀਆਂ ਆਪਣੇ ਉਤਪਾਦਾਂ ਦੇ ਇਸ਼ਤਿਹਾਰ ਦੇ ਕੇ ਆਪਣਾ ਵਪਾਰ ਵਧਾਉਂਦੇ ਹਨ।

ਸੱਭਿਆਚਾਰ ਅਤੇ ਕਲਾ ਦੇ ਖੇਤਰ ਵਿੱਚ ਵਧੀਆ ਫਿਲਮਾਂ ਅਤੇ ਕਲਾਕਾਰ ਅਨੇਕਾਂ ਹੀ ਇਨਾਮ ਜਿੱਤਦੇ ਹਨ।

ਸਿਨਮੇ ਦੇ ਜਿੱਥੇ ਅਨੇਕਾਂ ਲਾਭ ਹਨ, ਉੱਥੇ ਇਸ ਦੀ ਸਹੀ ਵਰਤੋਂ ਨਾ ਹੋਣ ਕਰਕੇ ਕਈ ਨੁਕਸਾਨ ਵੀ ਹਨ। ਫਿਲਮਾਂ ਵਿੱਚ ਮਾਰ-ਕੁਟਾਈ, ਨਸ਼ੇ, ਚੋਰੀ ਡਾਕੇ, ਫ਼ੈਸ਼ਨ ਪ੍ਰਸਤੀ ਅਤੇ ਨੰਗੇਜ਼ ਭਰੇ ਦ੍ਰਿਸ਼ ਬੱਚਿਆਂ ਤੇ ਬਹੁਤ ਭੈੜਾ ਪ੍ਰਭਾਵ ਪਾਉਂਦੇ ਹਨ। ਬੱਚੇ ਫਿਲਮਾਂ ਵਿਚਲੀ ਨਕਲੀ ਚਮਕ ਦਮਕ ਪਿੱਛੇ ਭੱਜਦੇ ਆਪਣੀ ਜ਼ਿੰਦਗੀ ਖ਼ਰਾਬ ਕਰ ਲੈਂਦੇ ਹਨ।

ਵਿਦਿਆਰਥੀ ਜਦੋਂ ਆਪਣੀ ਪੜ੍ਹਾਈ ਵੱਲੋਂ ਅਵੇਸਲੇ ਹੋ ਕੇ ਜ਼ਿਆਦਾ ਫ਼ਿਲਮਾਂ ਦੇਖਦੇ ਹਨ ਤਾਂ ਇਸ ਨਾਲ ਉਹਨਾਂ ਦੀ ਪੜ੍ਹਾਈ ਤੇ ਬੁਰਾ ਅਸਰ ਪੈਂਦਾ ਹੈ। ਜ਼ਿਆਦਾ ਫ਼ਿਲਮਾਂ ਦੇਖਣ ਦੇ ਨਾਲ਼ ਅੱਖਾਂ ਤੇ ਵੀ ਅਸਰ ਪੈਂਦਾ ਹੈ।

ਸੈਂਸਰ ਬੋਰਡ ਵੱਲੋਂ ਮਾਰਧਾੜ, ਨਸ਼ੇ ਅਤੇ ਸਮਾਜਿਕ ਕੁਰੀਤੀਆਂ ਨੂੰ ਵਧਾਉਣ ਵਾਲੀਆਂ ਫ਼ਿਲਮਾਂ ਤੇ ਰੋਕ ਲਾਉਣੀ ਚਾਹੀਦੀ ਹੈ। ਅਜਿਹੀਆਂ ਖ਼ਾਮੀਆਂ ਨੂੰ ਘਟਾਉਣਾ ਚਾਹੀਦਾ ਹੈ ਤਾਂ ਜੋ ਸਿਨਮਾ ਮਨੁੱਖਤਾ ਲਈ ਕਲਿਆਣਕਾਰੀ ਸਿੱਧ ਹੋ ਸਕੇ।

ਜਗਤਾਰ ਸਿੰਘ ਸੋਖੀ